# ਪੰਜਾਬ ਸਕੂਲ ਸਿੱਖਿਆ ਬੋਰਡ

## ਸੈਸ਼ਨ 2025-26 ਲਈ ਇੰਟਰ ਬੋਰਡ ਮਾਈਗ੍ਰੇਸ਼ਨ ਦਾ ਸ਼ਡਿਊਲ

ਸੈਸ਼ਨ 2025-26 ਦੌਰਾਨ ਅੱਠਵੀਂ ਤੋਂ ਬਾਰ੍ਹਵੀਂ ਸ਼੍ਰੇਣੀਆਂ ਵਿੱਚ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਖਤਮ ਹੋਣ ਉਪਰੰਤ ਦੂਜੇ ਰਾਜਾਂ/ਬੋਰਡਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਲਈ ਇੰਟਰ ਬੋਰਡ ਮਾਈਗ੍ਰੇਸ਼ਨ ਕਰਨ ਲਈ ਮਿਤੀਆਂ ਦਾ ਸ਼ਡਿਊਲ ਅਤੇ ਫੀਸਾਂ ਹੇਠ ਦਰਸਾਏ ਅਨੁਸਾਰ ਹਨ :-

### ਇੰਟਰ ਬੋਰਡ ਮਾਈਗ੍ਰੇਸ਼ਨ ਸਬੰਧੀ ਸ਼ਡਿਊਲ

| | | |
|---|---|---|
| ਦਾਖਲੇ ਦੀ ਅੰਤਿਮ ਮਿਤੀ ਉਪਰੰਤ ਮਿਤੀ 31-10-2025 ਤੱਕ | 3100/-ਰੁ: | TC ਕਟਵਾਉਣ ਦੇ 15 ਦਿਨਾਂ ਦੇ ਵਿੱਚ-ਵਿੱਚ ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਆਨ-ਲਾਈਨ ਪ੍ਰਕਿਰਿਆ ਰਾਹੀਂ । |
| ਮਿਤੀ 01-11-2025 ਤੋਂ 28-11-2025 ਤੱਕ | 5100/-ਰੁ: | |

ਸੈਸ਼ਨ 2025-26 ਲਈ ਅੱਠਵੀਂ ਤੋਂ ਬਾਰਵੀਂ ਸ਼੍ਰੇਣੀਆਂ ਵਿੱਚ ਇੰਟਰ-ਬੋਰਡ ਮਾਈਗਰੇਸ਼ਨ ਕਰਾਉਣ ਲਈ ਸਕੂਲ ਆਨ-ਲਾਈਨ apply ਕਰ ਸਕਦਾ ਹੈ। ਦਾਖਲਾ ਸ਼ਡਿਊਲ ਦੀਆਂ ਮਿਤੀਆਂ ਖਤਮ ਹੋਣ ਉਪਰੰਤ ਦੂਜੇ ਰਾਜਾਂ/ਬੋਰਡਾਂ ਤੋਂ ਪੜ੍ਹਦੇ ਆ ਰਹੇ ਵਿਦਿਆਰਥੀ ਜੇਕਰ ਪੰਜਾਬ ਬੋਰਡ ਨਾਲ ਸਬੰਧਤ ਸਕੂਲ ਵਿੱਚ ਦਾਖਲਾ ਲੈਣਾ ਚਾਹੁੰਦੇ ਹਨ ਤਾਂ ਵਿਦਿਆਰਥੀ ਨੇ ਜਿਸ ਸਕੂਲ ਵਿੱਚ ਦਾਖਲਾ ਲੈਣਾ ਹੈ, ਨੂੰ ਇੰਟਰ-ਬੋਰਡ ਮਾਈਗਰੇਸ਼ਨ ਕਰਵਾਉਣ ਸਬੰਧੀ ਬੇਨਤੀ-ਪੱਤਰ ਦੇਵੇਗਾ। ਜੇਕਰ ਸਕੂਲ ਬੇਨਤੀ ਸਵੀਕਾਰ ਕਰਦਾ ਹੈ ਤਾਂ ਵਿਦਿਆਰਥੀ ਕੋਲੋਂ ਸ਼੍ਰੇਣੀ ਵਾਈਜ਼ ਦੂਜੇ ਰਾਜਾਂ/ਬੋਰਡਾਂ ਤੋਂ ਆਉਣ ਵਾਲੇ ਪ੍ਰੀਖਿਆਰਥੀਆਂ ਤੋਂ ਲਏ ਜਾਣ ਵਾਲੇ ਦਸਤਾਵੇਜ਼ (ਹੇਠਲੀ ਸ਼੍ਰੇਣੀ ਪਾਸ ਦਾ ਨਤੀਜਾ ਕਾਰਡ, ਟਰਾਂਸਫਰ ਸਰਟੀਫਿਕੇਟ ਅਤੇ current ਸ਼੍ਰੇਣੀ ਦਾ ਤਿਮਾਹੀ/ਛਿਮਾਹੀ ਇਮਤਿਹਾਨ ਦਾ ਨਤੀਜਾ ਕਾਰਡ) ਆਨ-ਲਾਈਨ ਅਪਲੋਡ ਕਰਕੇ ਇੰਟਰ-ਬੋਰਡ ਮਾਈਗਰੇਸ਼ਨ ਦੀ Request ਪੁਰਾਣੇ ਸਕੂਲ ਤੋਂ TC ਕਟਵਾਉਣ ਦੇ 15 ਦਿਨਾਂ ਦੇ ਵਿੱਚ-ਵਿੱਚ ਬੋਰਡ ਨੂੰ ਭੇਜੇਗਾ ਪਰ ਇਹ Process ਸ਼ਡਿਊਲ ਅਨੁਸਾਰ ਨਿਰਧਾਰਿਤ ਮਿਤੀ 28-11-2025 ਦੇ ਵਿੱਚ-ਵਿੱਚ ਹੀ ਪੂਰਾ ਕੀਤਾ ਜਾਵੇ। **ਅੰਤਿਮ ਮਿਤੀ 28-11-2025 ਤੋਂ ਬਾਅਦ ਕੋਈ ਵੀ ਕੇਸ ਵਿਚਾਰਿਆ ਨਹੀ ਜਾਵੇਗਾ।**

**ਆਨ-ਲਾਈਨ ਇੰਟਰ-ਬੋਰਡ ਮਾਈਗਰੇਸ਼ਨ ਕਰਨ ਦੀ ਵਿਧੀ ਹੇਠ ਲਿਖੇ ਅਨੁਸਾਰ ਹੈ:-**

### ਇੰਟਰ-ਬੋਰਡ ਮਾਈਗਰੇਸ਼ਨ Process

1. ਸਕੂਲ Login ਕਰਨ ਉਪਰੰਤ Registration Portal menu ਵਿੱਚ 'Inter-Board Migration Request' link ਤੇ ਕਲਿੱਕ ਕੀਤਾ ਜਾਵੇ।

2. ਇਸ ਤੋਂ ਬਾਅਦ Apply New ਦੀ option ਵਿਦਿਆਰਥੀ ਦੇ ਸਾਰੇ ਵੇਰਵੇ ਭਰਕੇ Submit Button ਤੇ ਕਲਿੱਕ ਕੀਤਾ ਜਾਵੇ।

3. Submit ਕਰਨ ਤੋਂ ਬਾਅਦ ਵਿਦਿਆਰਥੀ ਦੀ detail screen ਤੇ show ਹੋ ਜਾਵੇਗੀ। ਜੇਕਰ ਕਿਸੇ ਵੇਰਵੇ ਵਿੱਚ ਸੋਧ ਕਰਨੀ ਹੈ ਤਾਂ Choose Action option ਵਿੱਚ Modify ਤੇ ਕਲਿੱਕ ਕੀਤਾ ਜਾਵੇ। ਜੇਕਰ ਸਾਰੇ ਵੇਰਵੇ ਸਹੀ ਹਨ ਤਾਂ Choose Action option ਵਿੱਚ Final Submit ਤੇ ਕਲਿੱਕ ਕੀਤਾ ਜਾਵੇ।

4. ਇਸ ਦੇ ਨਾਲ ਹੀ ਸਕੂਲ ਮੁੱਖੀ ਇਹ ਯਕੀਨੀ ਬਣਾਉਣ ਕਿ ਸਬੰਧਤ ਵਿਦਿਆਰਥੀ ਦਾ ਸਕੂਲ ਵੈਬਸਾਈਟ ਤੇ ਅਤੇ ਵਿਦਿਆਰਥੀ ਦੇ ਵੇਰਵੇ ਪਿਛਲੇ ਸਕੂਲ ਤੋਂ ਵੈਰੀਫਾਈ ਕਰਕੇ ਉਸ ਉਪਰੰਤ **ਵੈਰੀਫਿਕੇਸ਼ਨ ਫਾਰਮ** ਜੋ ਕਿ ਨਾਲ ਨੱਥੀ ਹੈ, ਨੂੰ ਭਰਨ ਅਤੇ ਵਿਦਿਆਰਥੀਆਂ ਦੀ ਆਨ-ਲਾਈਨ ਐਂਟਰੀ ਕਰਨ ਸਮੇਂ ਦਸਤਾਵੇਜ਼ਾਂ ਦੇ ਨਾਲ-ਨਾਲ ਵੈਰੀਫਿਕੇਸ਼ਨ ਫਾਰਮ ਦੀ PDF ਵੀ ਨੱਥੀ ਕਰਕੇ ਹੀ ਆਨ-ਲਾਈਨ Request ਭੇਜੀ ਜਾਵੇ।

5. Final Submit ਹੋਣ ਤੋਂ ਬਾਅਦ ਸਕੂਲ ਦੀ Inter-Board Migration Request ਮੁੱਖ ਦਫਤਰ ਨੂੰ Forward ਹੋ ਜਾਵੇਗੀ।

6. ਸ਼ਾਖਾ ਵੱਲੋਂ ਦਸਤਾਵੇਜ਼ ਚੈੱਕ ਕਰਨ ਉਪਰੰਤ 'Inter-Board Migration Request' Accept ਜਾਂ Reject ਕੀਤੀ ਜਾਵੇਗੀ।

7. ਸ਼ਾਖਾ ਵੱਲੋਂ Request Accept ਕਰਨ ਤੋਂ ਬਾਅਦ ਸਕੂਲ ਵੱਲੋਂ ਵਿਦਿਆਰਥੀ ਦੀ ਰਜਿਸਟਰੇਸ਼ਨ ਕਰਨ ਲਈ ਵੇਰਵੇ ਸਬੰਧਤ ਫਾਰਮ (ਅੱਠਵੀਂ ਸ਼੍ਰੇਣੀ-A2 ਫਾਰਮ, ਨੌਵੀਂ ਸ਼੍ਰੇਣੀ-N2 ਫਾਰਮ, ਦਸਵੀਂ ਸ਼੍ਰੇਣੀ- M2 ਫਾਰਮ, ਗਿਆਰਵੀਂ ਸ਼੍ਰੇਣੀ- E2 ਫਾਰਮ, ਬਾਰਵੀਂ ਸ਼੍ਰੇਣੀ- T2 ਫਾਰਮ) ਵਿੱਚ ਦਰਜ ਕਰਨ ਉਪਰੰਤ ਫਾਰਮ ਅਨੁਸਾਰ ਲੋੜੀਂਦੇ ਅਸਲ ਦਸਤਾਵੇਜ਼ ਮੁੱਖ ਦਫਤਰ(ਰਜਿਸਟਰੇਸ਼ਨ ਸ਼ਾਖਾ) ਵਿੱਚ ਦਸਤੀ ਪੇਸ਼ ਕਰਕੇ ਅਤੇ ਬਣਦੀ ਫੀਸ + ਮਾਈਗਰੇਸ਼ਨ ਫੀਸ ਦਾ ਚਲਾਨ ਜਨਰੇਟ ਕਰਵਾਕੇ ਬੋਰਡ ਕੈਸ਼ੀਅਰ ਕੋਲ ਬਣਦੀ ਰਾਸ਼ੀ ਜਮ੍ਹਾਂ ਕਰਨ ਉਪਰੰਤ ਹੀ ਇੰਟਰ ਬੋਰਡ ਮਾਈਗ੍ਰੇਸ਼ਨ ਦਾ Process ਮੁਕੰਮਲ ਹੋਵੇਗਾ ।

23/09/2025

ਸੁਪਰਡੰਟ(ਰਜਿਸਟ੍ਰੇਸ਼ਨ)

## ਸਕੂਲ ਦੇ ਲੈਟਰ- ਹੈੱਡ ਤੇ
## ਵੈਰੀਫਿਕੇਸ਼ਨ-ਫਾਰਮ

1. ਕਿ ਮੈਂ (ਨਾਮ) ........................................... ਸਕੂਲ ਦਾ ਮੁੱਖੀ/ ਪ੍ਰਿੰਸੀਪਲ/ ਮੁੱਖ ਅਧਿਆਪਕ ਹਾਂ।
2. ਕਿ ਇਸ ਵਿਦਿਆਰਥੀ ਵੱਲੋਂ ਪੇਸ਼ ਕੀਤੇ ਗਏ ਚਾਲੂ ਸੈਸ਼ਨ ਦਾ ਟਰਾਂਸਫਰ ਸਰਟੀਫਿਕੇਟ, ਹੇਠਲੀ ਸ਼੍ਰੇਣੀ ਪਾਸ/ਫੇਲ ਦੇ ਦਸਤਾਵੇਜ਼ਾਂ ਦੀ ਪਿਛਲੇ ਸਕੂਲ ਤੋਂ ਸੰਪੂਰਨ ਤੌਰ ਤੇ ਵੈਰੀਫਾਈ ਕਰਨ ਉਪਰੰਤ Request ਭੇਜੀ ਗਈ ਹੈ ਅਤੇ ਇਹ ਦਸਤਾਵੇਜ਼ ਬਿਲਕੁੱਲ ਦਰੁੱਸਤ ਹਨ।
3. ਕਿ ਇਹਨਾਂ ਵਿਦਿਆਰਥੀਆਂ ਤੋਂ ਪ੍ਰਾਪਤ ਦਸਤਾਵੇਜ਼ਾਂ (ਨਤੀਜਾ ਕਾਰਡ ਅਤੇ ਸਕੂਲ ਛੱਡਣ ਦਾ ਸਰਟੀਫਿਕੇਟ) ਦੀ ਪੜਤਾਲ/ਵੈਰੀਫਿਕੇਸ਼ਨ ਕਰ ਲਈ ਗਈ ਹੈ। ਜੇਕਰ ਇਹਨਾਂ ਦਸਤਾਵੇਜ਼ਾਂ ਸਬੰਧੀ ਕੋਈ ਗਲਤੀ/ਤਰੁੱਟੀ ਹੋਵੇਗੀ ਤਾਂ ਉਸਦੀ ਜ਼ਿੰਮੇਵਾਰੀ ਮੇਰੀ ਖੁਦ ਦੀ ਹੋਵੇਗੀ ।
4. ਜੇਕਰ ਫਿਰ ਵੀ ਕਿਸੇ ਵਿਦਿਆਰਥੀ ਦੇ ਹੇਠਲੀ ਸ਼੍ਰੇਣੀ ਪਾਸ ਦੇ ਦਸਤਾਵੇਜ਼ ਸਹੀ ਨਹੀ ਪਾਏ ਜਾਂਦੇ ਜਾਂ ਬੋਰਡ ਵੱਲੋਂ ਆਪਣੇ ਪੱਧਰ ਤੇ ਕਰਵਾਈ ਗਈ ਵੈਰੀਫਿਕੇਸ਼ਨ ਫੇਲ ਹੋ ਜਾਂਦੀ ਹੈ ਤਾਂ ਉਸ ਵਿਦਿਆਰਥੀ ਦੀ ਰਜਿਸਟ੍ਰੇਸ਼ਨ ਬੋਰਡ ਵੱਲੋਂ ਰੱਦ ਕਰਨ ਤੇ ਮੈਨੂੰ ਕੋਈ ਇਤਰਾਜ਼ ਨਹੀ ਹੋਵੇਗਾ।
5. ਇਹਨਾਂ ਵਿਦਿਆਰਥੀਆਂ ਸਬੰਧੀ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਸ਼੍ਰੇਣੀ | ਵਿਦਿਆਰਥੀ/ ਪਿਤਾ ਦਾ ਨਾਂ | ਹੇਠਲੀ ਸ਼੍ਰੇਣੀ ਪਾਸ/ ਫੇਲ ਸਕੂਲ ਦਾ ਨਾਂ, ਈ-ਮੇਲ ਆਈ.ਡੀ. ਅਤੇ ਸੰਪਰਕ ਨੰਬਰ | ਵੈਰੀਫਿਕੇਸ਼ਨ ਰਿਪੋਰਟ |
|---|---|---|---|---|
| | | | | |

**ਸਕੂਲ-ਮੁਖੀ ਦਾ ਨਾਂ / ਹਸਤਾਖਰ**
**ਸਮੇਤ (ਮੋਹਰ)**